ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977
ਇੰਡੀਅਨ ਵੀਜ਼ਾ OCI & Passport Renewal 514-389-7070
12 Beds, 7 Baths For 24 Guests 905-965-4644
ਲੇਡੀਜ਼ ਰੇਡੀਮੇਡ ਕਪੜੇ ਖ਼ਰੀਦਣ ਲਈ ਕਾਲ ਕਰੋ 647-829-2454
Line of Credit Fix Bad Credit Get OSAP Loan 905-965-4644
ਮਰਦਾਨਾ ਕਮਜ਼ੋਰੀ 416-992-5489
ਬੈਂਡ ਥਰਾਜ਼ (ਖਟਮਲ) ਖ਼ਤਮ 647-688-3944
ਦੰਦ ਲਗਵਾਓ FREE ਮੁਫ਼ਤ 905-458-3344 With CDCP

US 'ਚ 20 ਹਜ਼ਾਰ ਲਾਈਸੈਂਸ ਹੋਣਗੇ ਰੱਦ, ਸਿੱਖ ਟਰੱਕ ਡਰਾਇਵਰਾਂ ਦੀ ਰੋਜ਼ੀ-ਰੋਟੀ 'ਤੇ ਮੰਡਰਾਇਆ ਖ਼ਤਰਾ

ਬੇਕਰਜ਼ਫ਼ੀਲਡ: ਅਮਰੀਕਾ ਦੇ ਕੈਲੇਫ਼ੋਰਨੀਆ ਸੂਬੇ 'ਚ ਵੱਸਦੇ ਹਜ਼ਾਰਾਂ ਪਰਵਾਸੀ ਟਰੱਕ ਡਰਾਇਵਰਾਂ, ਖ਼ਾਸ ਕਰ ਕੇ ਸਿੱਖ ਭਾਈਚਾਰੇ ਲਈ ਚਿੰਤਾ ਵਾਲੀ ਖ਼ਬਰ ਸਾਹਮਣੇ ਆਈ ਹੈ। ਇੱਕ ਸੰਘੀ ਔਡਿਟ ਤੋਂ ਬਾਅਦ ਲਗਭਗ 20 ਹਜ਼ਾਰ ਕਾਮਰਸ਼ੀਅਲ ਡਰਾਈਵਿੰਗ ਲਾਇਸੈਂਸ ਧਾਰਕਾਂ ਦੇ ਲਾਇਸੈਂਸ ਰੱਦ ਹੋਣ ਦਾ ਖ਼ਤਰਾ ਪੈਦਾ ਹੋ ਗਿਆ ਹੈ ਕਿਉਂਕਿ ਉਹ ਸੰਘੀ ਮਾਪਦੰਡਾਂ 'ਤੇ ਖਰੇ ਨਹੀਂ ਉਤਰਦੇ ਪਾਏ ਗਏ। ਇਸ ਗੰਭੀਰ ਮੁੱਦੇ ਨੂੰ ਲੈ ਕੇ ਅਮਰੀਕੀ ਸੈਨੇਟਰ ਐਡਮ ਸ਼ਿਫ਼ (Adam Schiff) ਨੇ ਸਿੱਖ ਡਰਾਇਵਰਾਂ ਅਤੇ ਕਾਰੋਬਾਰੀਆਂ ਨਾਲ ਇੱਕ ਵਿਸ਼ੇਸ਼ ਗੋਲਮੇਜ਼ ਕਾਨਫ਼ਰੰਸ ਕੀਤੀ ਤਾਂ ਜੋ ਉਨ੍ਹਾਂ ਨੂੰ ਦਰਪੇਸ਼ ਖ਼ਤਰਿਆਂ ਅਤੇ ਆਰਥਿਕ ਪ੍ਰਭਾਵਾਂ ਬਾਰੇ ਜਾਣਿਆ ਜਾ ਸਕੇ।

ਟਰੱਕ ਖੜ੍ਹੇ ਹੋਣ ਨਾਲ ਆਰਥਿਕਤਾ ਨੂੰ ਵੱਡੀ ਸੱਟ: ਰੋਡ ਲਾਈਨਰ ਲੌਜਿਸਟਿਕਸ ਦੇ ਮਾਲਕ ਸੁਖਬੀਰ ਜੌਹਲ ਨੇ ਆਪਣਾ ਦੁੱਖ ਸਾਂਝਾ ਕਰਦਿਆਂ ਦੱਸਿਆ ਕਿ ਇਸ ਮਾਹੌਲ ਕਾਰਨ ਕਈ ਡਰਾਇਵਰ ਕੰਮ 'ਤੇ ਆਉਣੋਂ ਡਰ ਰਹੇ ਹਨ। ਉਨ੍ਹਾਂ ਕਿਹਾ ਕਿ ਜੇਕਰ ਡਰਾਇਵਰ ਨਹੀਂ ਹੋਣਗੇ ਤਾਂ ਮਕੈਨਿਕ ਅਤੇ ਡਿਸਪੈਚਰਾਂ ਦੀਆਂ ਨੌਕਰੀਆਂ ਵੀ ਚਲੀਆਂ ਜਾਣਗੀਆਂ ਕਿਉਂਕਿ ਸਾਰਾ ਕਾਰੋਬਾਰ ਡਰਾਈਵਰਾਂ ਨਾਲ ਜੁੜਿਆ ਹੋਇਆ ਹੈ। ਸੈਨੇਟਰ ਸ਼ਿਫ਼ ਨੇ ਵੀ ਹੈਰਾਨੀ ਜਤਾਈ ਕਿ ਕਈ ਕੰਪਨੀਆਂ ਦੇ 10-10 ਤੋਂ ਵੱਧ ਟਰੱਕ ਵਿਹਲੇ ਖੜ੍ਹੇ ਹਨ ਜਿਸ ਨਾਲ ਨੌਕਰੀਆਂ ਦਾ ਨੁਕਸਾਨ ਹੋ ਰਿਹਾ ਹੈ ਅਤੇ ਚੀਜ਼ਾਂ ਦੀਆਂ ਕੀਮਤਾਂ ਵੱਧ ਰਹੀਆਂ ਹਨ।

ਇਸ ਮਾਮਲੇ 'ਚ ਇੱਕ ਹੋਰ ਵੱਡਾ ਮੋੜ ਉਦੋਂ ਆਇਆ ਜਦੋਂ ਅਮਰੀਕੀ ਟਰਾਂਸਪੋਰਟ ਵਿਭਾਗ ਨੇ ਲਾਇਸੈਂਸ ਰੱਦ ਕਰਨ 'ਚ ਦੇਰੀ ਕਾਰਨ ਕੈਲੇਫ਼ੋਰਨੀਆ ਦੇ 160 ਮਿਲੀਅਨ ਡਾਲਰ ਦੇ ਫ਼ੰਡ ਰੋਕ ਲਏ। ਇਸ ਤੋਂ ਇਲਾਵਾ, ਅਜਿਹੀਆਂ ਰਿਪੋਰਟਾਂ ਵੀ ਸਾਹਮਣੇ ਆਈਆਂ ਹਨ ਕਿ ਹਾਈਵੇਅ 'ਤੇ ਸਕੇਲਾਂ 'ਤੇ ਡਰਾਇਵਰਾਂ ਨੂੰ ਰੋਕ ਕੇ ਉਨ੍ਹਾਂ ਦੀ ਇਮੀਗ੍ਰੇਸ਼ਨ ਸਥਿਤੀ ਦੀ ਜਾਂਚ ਹੋਣ ਤਕ ਹਿਰਾਸਤ 'ਚ ਰੱਖਿਆ ਜਾ ਰਿਹਾ ਹੈ। ਸੈਨੇਟਰ ਸ਼ਿਫ਼ ਨੇ ਇਸ ਕਾਰਵਾਈ ਦੀ ਨਿੰਦਾ ਕਰਦਿਆਂ ਕਿਹਾ ਕਿ ਇਹ ਸਰਕਾਰੀ ਕੋਸ਼ਿਸ਼ ਪਰਵਾਸੀ ਭਾਈਚਾਰਿਆਂ 'ਚ ਡਰ ਅਤੇ ਸ਼ੱਕ ਪੈਦਾ ਕਰ ਰਹੀ ਹੈ।ਸੈਨੇਟਰ ਸ਼ਿਫ਼ ਨੇ ਭਰੋਸਾ ਦਿੱਤਾ ਹੈ ਕਿ ਉਹ ਅਤੇ ਹੋਰ ਡੈਮੋਕਰੈਟ ਸੈਨੇਟਰਜ਼ ਇਸ ਮੁੱਦੇ 'ਤੇ ਕੰਮ ਕਰ ਰਹੇ ਹਨ ਤਾਂ ਜੋ ਪਰਵਾਸੀ ਡਰਾਇਵਰ ਆਪਣੇ ਲਾਇਸੈਂਸ ਬਰਕਰਾਰ ਰੱਖ ਸਕਣ। ਉਨ੍ਹਾਂ ਕਿਹਾ ਕਿ ਲੋਕਾਂ ਦਾ ਕੰਮ 'ਤੇ ਨਾ ਆਉਣਾ ਅਤੇ ਟਰੱਕਾਂ ਦਾ ਖੜ੍ਹੇ ਹੋਣਾ ਕਿਸੇ ਦੇ ਵੀ ਹਿੱਤ 'ਚ ਨਹੀਂ।

Milan 'ਚ 12 ਨਾਗਰਿਕਾਂ ਪਿੱਛੇ ਇੱਕ ਕਰੋੜਪਤੀ

ਕੈਂਥ

ਰੋਮ: ਇਟਲੀ ਨੂੰ ਪਿਆਰ ਕਰਨ ਵਾਲਿਆਂ ਲਈ ਇੱਕ ਵੱਡੀ ਖ਼ੁਸ਼ਖ਼ਬਰੀ ਸਾਹਮਣੇ ਆ ਰਹੀ ਹੈ। ਉਂਝ ਤਾਂ ਇਟਲੀ ਇੱਕ ਨਹੀਂ ਸਗੋਂ ਅਨੇਕਾਂ ਖ਼ੂਬੀਆਂ ਲਈ ਦੁਨੀਆਂ ਭਰ 'ਚ ਵਿਸ਼ੇਸ਼ ਤੇ ਖ਼ਾਸ ਰੁਤਬਾ ਰੱਖਦੀ ਹੈ ਤੇ ਇਸ ਰੁਤਬੇ ਦੇ ਤਾਜ 'ਚ ਕੋਹੇਨੂਰ ਵਾਂਗਰ ਇੱਕ ਹੋਰ ਹੀਰਾ ਇਟਲੀ ਦੇਸ਼ ਦੇ ਸ਼ਹਿਰ Milan ਨੂੰ ਦੁਨੀਆਂ ਦੇ ਸਭ ਤੋਂ ਅਮੀਰ ਲੋਕਾਂ ਦੀ ਸੂਚੀ ਲਈ ਬਾਦਸ਼ਾਹਾਂ ਦਾ ਬਾਦਸ਼ਾਹ ਬਣਾਉਂਦੀ ਹੈ।

Milan ਦੁਨੀਆਂ ਦਾ ਮੋਹਰੀ ਕਰੋੜਪਤੀ ਸ਼ਹਿਰ ਹੈ ਜਿੱਥੇ 12 ਨਿਵਾਸੀਆਂ 'ਚੋਂ ਇੱਕ ਕਰੋੜਪਤੀ ਦਰਜ ਕੀਤਾ ਗਿਆ। ਬੀਤੇ ਦਿਨ ਇਸ ਗੱਲ ਦਾ ਖ਼ੁਲਾਸਾ ਕੀਤਾ ਹੈ ਹੈੱਨਲੀ ਐਂਡ ਪਾਰਟਨਜ਼ (Henley and Partners) ਇੱਕ ਗਲੋਬਲ ਸਿਟੀਜ਼ਨਸ਼ਿਪ ਅਤੇ ਰੈਜ਼ੀਡੈਂਸੀ ਸਲਾਹਕਾਰ ਫ਼ਰਮ ਨੇ ਜਿਸ ਦਾ ਮੁੱਖ ਦਫ਼ਤਰ London 'ਚ ਹੈ। ਇਸ ਫ਼ਰਮ ਦਾ ਮੁੱਖ ਕੰਮ ਸਰਕਾਰਾਂ ਨੂੰ ਨਾਗਰਿਕਤਾ ਅਤੇ ਰੈਜ਼ੀਡੈਂਸੀ ਨੀਤੀਆਂ ਬਾਰੇ ਸਲਾਹ ਦੇਣਾ ਅਤੇ ਰੈਜ਼ੀਡੈਂਸੀ ਅਤੇ ਸਿਟੀਜ਼ਨਸ਼ਿਪ ਪ੍ਰੋਗਰਾਮ ਵਿਕਸਿਤ ਕਰਨ ਲਈ ਸਰਕਾਰ ਨਾਲ ਕੰਮ ਕਰਨਾ ਹੈ।

ਇਸ ਫ਼ਰਮ ਦੀ ਤਾਜ਼ਾ ਰਿਪੋਰਟ ਅਨੁਸਾਰ ਮਿਲਾਨ ਕਰੋੜਪਤੀਆਂ ਦੀ ਦੌਲਤ ਦੇ ਕੇਂਦਰੀਕਰਣ ਦੇ ਮਾਮਲੇ 'ਚ ਦੁਨੀਆਂ ਦੀ ਰਾਜਧਾਨੀ ਵਜੋਂ ਆਪਣੀ ਪੁਸ਼ਟੀ ਕਰਦਾ ਹੈ ਜੋ ਕਿ New York ਅਤੇ London ਵਰਗੇ ਇਤਿਹਾਸਕ ਤੌਰ 'ਤੇ ਦੌਲਤ ਦੇ ਹੱਬ ਵਜੋਂ ਮੰਨੇ ਜਾਂਦੇ ਸ਼ਹਿਰਾਂ ਨੂੰ ਪਛਾੜਦਾ ਹੈ। ਇਟਲੀ ਦੇ ਮੀਡੀਏ 'ਚ ਨਸ਼ਰ ਹੋਈ ਜਾਣਕਾਰੀ ਅਨੁਸਾਰ ਇਟਲੀ ਦੇ ਸੂਬੇ ਲੰਬਾਰਦੀਆਂ ਦੀ ਰਾਜਧਾਨੀ Milan ਜਿਹੜੀ ਕਿ ਇਟਲੀ ਦਾ ਦੂਜਾ ਆਬਾਦੀ ਪੱਖੋਂ ਸਭ ਤੋਂ ਵੱਡਾ ਸ਼ਹਿਰ ਹੈ ਇੱਥੇ ਬੱਚਿਆਂ ਅਤੇ ਬਜ਼ੁਰਗਾਂ ਸਮੇਤ ਕੀਤੀ ਗਿਣਤੀ ਤਹਿਤ ਹਰ 12 ਰੈਜਿਸਟਰਡ ਨਿਵਾਸੀਆਂ 'ਚੋਂ ਔਸਤਨ ਇੱਕ ਕਰੋੜਪਤੀ (ਘੱਟੋ-ਘੱਟ ਇੱਕ ਮਿਲੀਅਨ ਡਾਲਰ ਨਕਦੀ ਵਾਲਾ ਵਿਅਕਤੀ) ਹੈ।

ਇਹ ਖ਼ੁਲਾਸਾ ਪ੍ਰਮੁੱਖ ਅੰਤਰਰਾਸ਼ਟਰੀ ਵਿੱਤੀ ਕੇਂਦਰਾਂ ਨਾਲ ਤੁਲਨਾ Milan ਦੀ ਪ੍ਰਮੁੱਖਤਾ ਨੂੰ ਸਪੱਸ਼ਟ ਤੌਰ 'ਤੇ ਉਜਾਗਰ ਕਰਦਾ ਹੈ। ਅਮਰੀਕਾ ਦੀ ਆਰਥਿਕ ਰਾਜਧਾਨੀ New York 'ਚ ਇਹ ਅਨੁਪਾਤ ਹਰ 22 ਨਿਵਾਸੀਆਂ ਮਗਰ ਇੱਕ ਕਰੋੜਪਤੀ ਸੂਚੀਬੱਧ ਕੀਤਾ ਗਿਆ ਜਦੋਂ ਕਿ London 'ਚ ਇਹ ਅਨੁਪਾਤ ਹੋ ਵੀ ਕਮਜ਼ੋਰ 41 ਨਿਵਾਸੀਆਂ ਮਗਰ ਇੱਕ ਕਰੋੜਪਤੀ ਦਰਜ ਕੀਤਾ ਗਿਆ। ਇਸ ਤੋਂ ਵੀ ਮਹੱਤਵਪੂਰਣ ਗੱਲ ਇਸ ਕਰੋੜਪਤੀ ਰਿਪੋਰਟ 'ਚ ਇਹ ਹੈ ਕਿ Milan 'ਚ 100 ਮਿਲੀਅਨ ਡਾਲਰ ਦੀ ਅਸਥਿਰ ਜਾਇਦਾਦ ਵਾਲੇ 182 ਵਿਅਕਤੀ ਹਨ ਜੋ ਕਿ Monaco ਦੀ ਰਿਆਸਤ (192) ਦੇ ਲਗਭਗ ਸਮਾਨ ਹਨ ਅਤੇ ਜ਼ਿਊਰਿਖ, ਮਾਇਆਮੀ, ਇੱਥੋਂ ਤਕ ਕਿ ਮੌਸਕੋ ਦੇ ਪੂਰੇ ਕੈਂਟਨ ਤੋਂ ਵੀ ਵੱਧ ਹੈ।

US ਦਾ ਪਰਵਾਸੀਆਂ ਨੂੰ ਇੱਕ ਹੋਰ ਕਰਾਰਾ ਝਟਕਾ



ਵਾਸ਼ਿੰਗਟਨ: ਅਮਰੀਕਾ 'ਚ ਹਵਾਈ ਸਫ਼ਰ ਕਰਨ ਵਾਲੇ ਮੁਸਾਫ਼ਿਰਾਂ, ਖ਼ਾਸ ਕਰ ਕੇ ਪਰਵਾਸੀਆਂ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਆਉਣ ਵਾਲਾ ਸਮਾਂ ਚੁਣੌਤੀਪੂਰਣ ਹੋ ਸਕਦਾ ਹੈ। ਅਮਰੀਕੀ ਪ੍ਰਸ਼ਾਸਨ ਨੇ Real ID ਕਾਨੂੰਨ ਨੂੰ ਸਖ਼ਤੀ ਨਾਲ ਲਾਗੂ ਕਰਨ ਦੀ ਤਿਆਰੀ ਕਰ ਲਈ ਹੈ ਜਿਸ ਨਾਲ ਹਵਾਈ ਅੱਡਿਆਂ 'ਤੇ ਪਛਾਣ ਦੀ ਪੁਸ਼ਟੀ ਕਰਨ ਦੇ ਨਿਯਮ ਹੋਰ ਸਖ਼ਤ ਹੋ ਜਾਣਗੇ।

ਟਰਾਂਸਪੋਰਟੇਸ਼ਨ ਸੈਕਿਓਰਟੀ ਐਡਮਨਿਸਟ੍ਰੇਸ਼ਨ ਨੇ ਇੱਕ ਨਵਾਂ Confirm ID ਪ੍ਰੋਗਰਾਮ ਉਲੀਕਿਆ ਹੈ। ਇਸ ਤਹਿਤ ਜੇਕਰ ਕਿਸੇ ਯਾਤਰੀ ਕੋਲ ਅਸਲੀ ਪਛਾਣ ਪੱਤਰ ਦੇ ਮਾਪਦੰਡਾਂ ਮੁਤਾਬਿਕ ਦਸਤਾਵੇਜ਼ ਨਹੀਂ ਤਾਂ ਉਸ ਨੂੰ ਵਾਧੂ ਪਛਾਣ ਪੜਤਾਲ ਲਈ 45 ਡਾਲਰ ਦੀ ਫ਼ੀਸ ਦੇਣੀ ਪਵੇਗੀ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਫ਼ੀਸ ਵਾਧੂ ਸਕ੍ਰੀਨਿੰਗ ਦੇ ਖਰਚੇ ਨੂੰ ਪੂਰਾ ਕਰਨ ਲਈ ਲਈ ਜਾ ਰਹੀ ਹੈ।

ਅਮਰੀਕੀ ਸੰਸਦ ਮੈਂਬਰਾਂ ਨੇ ਚਿੰਤਾ ਜਤਾਈ ਹੈ ਕਿ ਇਹ ਨਵੇਂ ਨਿਯਮ ਸਭ ਤੋਂ ਵੱਧ ਉਨ੍ਹਾਂ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਹਾਲ ਹੀ 'ਚ ਅਮਰੀਕਾ ਆਏ ਪਰਵਾਸੀਆਂ ਨੂੰ ਪ੍ਰਭਾਵਿਤ ਕਰਨਗੇ ਜੋ ਅਜੇ ਵੀਜ਼ਾ ਤਬਦੀਲੀ ਜਾਂ ਦਸਤਾਵੇਜ਼ੀ ਪ੍ਰਕਿਰਿਆਵਾਂ 'ਚ ਉਲਝੇ ਹੋਏ ਹਨ। ਦਸਤਾਵੇਜ਼ ਬਣਨ 'ਚ ਹੋਣ ਵਾਲੀ ਦੇਰੀ ਕਾਰਨ ਇਨ੍ਹਾਂ ਯਾਤਰੀਆਂ ਨੂੰ ਹਵਾਈ ਅੱਡਿਆਂ 'ਤੇ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਟਰਾਂਸਪੋਰਟੇਸ਼ਨ ਸੈਕਿਓਰਟੀ ਐਡਮਨਿਸਟ੍ਰੇਸ਼ਨ ਦੀ ਕਾਰਜਕਾਰੀ ਪ੍ਰਸ਼ਾਸਕ ਹਾ ਨਗੁਏਨ ਮੈਕਨੀਲ ਨੇ ਕਿਹਾ ਕਿ ਹਵਾਈ ਸੁਰੱਖਿਆ ਲਈ Real ID ਲਾਗੂ ਕਰਨਾ ਬਹੁਤ ਜ਼ਰੂਰੀ ਹੈ। ਉਨ੍ਹਾਂ ਮੁਤਾਬਿਕ ਲਗਭਗ ਛੇ ਫ਼ੀਸਦੀ ਯਾਤਰੀ ਅਜੇ ਵੀ ਨਿਯਮਾਂ ਦੀ ਪਾਲਣਾ ਨਹੀਂ ਕਰ ਰਹੇ ਜਿਸ ਕਾਰਨ ਏਅਰਪੋਰਟ ਸਟਾਫ਼ 'ਤੇ ਬੋਝ ਵਧਦਾ ਹੈ।

ਮਾਹਿਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਸਖ਼ਤ ਸਕ੍ਰੀਨਿੰਗ ਅਤੇ ਨਵੀਂ ਫ਼ੀਸ ਕਾਰਨ ਹਵਾਈ ਅੱਡਿਆਂ 'ਤੇ ਉਡੀਕ ਦਾ ਸਮਾਂ ਵੱਧ ਸਕਦਾ ਹੈ ਜਿਸ ਨਾਲ ਮੁਸਾਫ਼ਰਾਂ ਦੀਆਂ ਫ਼ਲਾਈਟਾਂ ਮਿਸ ਹੋਣ ਦਾ ਖ਼ਤਰਾ ਵੀ ਰਹੇਗਾ। ਖ਼ਾਸ ਕਰ ਕੇ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਜਦੋਂ ਲੱਖਾਂ ਲੋਕ ਸਫ਼ਰ ਕਰਦੇ ਹਨ, ਇਹ ਨਿਯਮ ਵੱਡੀ ਉਲਝਣ ਪੈਦਾ ਕਰ ਸਕਦੇ ਹਨ।

ਸਿੱਖ ਡਰਾਇਵਰ ਅਮਰੀਕੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ - Senator Schiff

ਬੇਕਰਜ਼ਫ਼ੀਲਡ: ਅਮਰੀਕਾ ਦੇ ਪ੍ਰਸਿੱਧ ਸੈਨੇਟਰ ਐਡਮ ਸ਼ਿਫ਼ (Adam Schiff) ਨੇ ਕੈਲੇਫ਼ੋਰਨੀਆ ਦੇ ਬੇਕਰਜ਼ਫ਼ੀਲਡ 'ਚ ਸਿੱਖ ਟਰੱਕ ਡਰਾਇਵਰਾਂ ਨਾਲ ਇੱਕ ਅਹਿਮ ਮੀਟਿੰਗ ਕੀਤੀ। ਇਸ ਦੌਰਾਨ ਉਨ੍ਹਾਂ ਨੇ ਟਰੰਪ ਪ੍ਰਸ਼ਾਸਨ ਦੀਆਂ ਨੀਤੀਆਂ 'ਤੇ ਤਿੱਖੇ ਹਮਲੇ ਕਰਦਿਆਂ ਕਿਹਾ ਕਿ ਸਿੱਖ ਡਰਾਇਵਰਾਂ ਦੀ ਰੋਜ਼ੀ-ਰੋਟੀ ਨੂੰ ਖ਼ਤਰੇ 'ਚ ਪਾਇਆ ਜਾ ਰਿਹਾ ਹੈ।

ਸੁਰੱਖਿਆ ਦੇ ਨਾਂ 'ਤੇ ਹੋ ਰਿਹਾ ਗ਼ਲਤ ਪ੍ਰਚਾਰ: ਸੈਨੇਟਰ ਸ਼ਿਫ਼ ਨੇ ਮੀਟਿੰਗ ਦੌਰਾਨ ਕਿਹਾ ਕਿ ਟਰੰਪ ਪ੍ਰਸ਼ਾਸਨ ਵਲੋਂ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਨਵੇਂ ਨਿਯਮਾਂ ਨਾਲ ਸੜਕਾਂ ਜ਼ਿਆਦਾ ਸੁਰੱਖਿਅਤ ਹੋਣਗੀਆਂ, ਪਰ ਇਹ ਸੱਚਾਈ ਤੋਂ ਕੋਹਾਂ ਦੂਰ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਅੰਕੜੇ ਦੱਸਦੇ ਹਨ ਕਿ ਸਿੱਖ ਟਰੱਕ ਡਰਾਇਵਰਜ਼ ਦੂਜੇ ਡਰਾਇਵਰਾਂ ਦੇ ਮੁਕਾਬਲੇ ਹਾਦਸਿਆਂ 'ਚ ਬਹੁਤ ਘੱਟ ਸ਼ਾਮਿਲ ਹੁੰਦੇ ਹਨ। ਉਨ੍ਹਾਂ ਕਿਹਾ ਕਿ ਸੇਫ਼ਟੀ ਦੀ ਦਲੀਲ ਸਿਰਫ਼ ਇੱਕ ਬਹਾਨਾ ਹੈ।

ਸਿੱਖ ਟਰੱਕਰਾਂ 'ਚ ਡਰ ਦਾ ਮਾਹੌਲ: ਮੀਟਿੰਗ 'ਚ ਮੌਜੂਦ ਸਿੱਖ ਡਰਾਇਵਰਾਂ ਨੇ ਆਪਣੀਆਂ ਚਿੰਤਾਵਾਂ ਸਾਂਝੀਆਂ ਕਰਦਿਆਂ ਦੱਸਿਆ ਕਿ ਨਵੇਂ ਨਿਯਮਾਂ ਅਤੇ ਸੰਭਾਵਿਤ ਧਮਕੀਆਂ ਕਾਰਨ ਪੂਰੇ ਟਰੱਕਿੰਗ ਸੈਕਟਰ 'ਚ ਗ਼ੈਰ-ਯਕੀਨੀ ਵਾਲੀ ਸਥਿਤੀ ਬਣੀ ਹੋਈ ਹੈ। ਡਰਾਇਵਰਾਂ ਮੁਤਾਬਿਕ ਉਹ ਸਾਲਾਂ ਤੋਂ ਅਮਰੀਕੀ ਸਪਲਾਈ ਚੇਨ ਨੂੰ ਚਲਾ ਰਹੇ ਹਨ, ਪਰ ਹੁਣ ਉਨ੍ਹਾਂ ਨੂੰ ਆਪਣੇ ਭਵਿੱਖ ਦੀ ਚਿੰਤਾ ਸਤਾ ਰਹੀ ਹੈ।

ਸੈਨੇਟਰ ਨੇ ਜ਼ੋਰ ਦੇ ਕੇ ਕਿਹਾ ਕਿ ਸਿੱਖ ਡਰਾਇਵਰ ਦੇਸ਼ ਦੀ ਸਪਲਾਈ ਚੇਨ ਦੇ ਅਸਲ ਹੀਰੋ ਹਨ। ਜੇਕਰ ਇਨ੍ਹਾਂ ਤਜਰਬੇਕਾਰ ਡਰਾਇਵਰਾਂ ਨੂੰ ਉਦਯੋਗ ਤੋਂ ਬਾਹਰ ਕੀਤਾ ਗਿਆ ਜਾਂ ਡਰਾਇਆ ਗਿਆ ਤਾਂ ਇਸ ਦਾ ਸਿੱਧਾ ਅਸਰ ਚੀਜ਼ਾਂ ਦੀ ਸਪਲਾਈ 'ਤੇ ਪਵੇਗਾ। ਨਤੀਜੇ ਵਜੋਂ ਹਰ ਚੀਜ਼ ਦੀ ਕੀਮਤ ਵੱਧ ਜਾਵੇਗੀ ਅਤੇ ਆਮ ਜਨਤਾ ਨੂੰ ਮਹਿੰਗਾਈ ਦੀ ਮਾਰ ਝੱਲਣੀ ਪਵੇਗੀ।

ਐਡਮ ਸ਼ਿਫ਼ ਨੇ ਭਰੋਸਾ ਦਿੱਤਾ ਕਿ ਉਹ ਉਨ੍ਹਾਂ ਮਜ਼ਦੂਰਾਂ ਅਤੇ ਡਰਾਇਵਰਾਂ ਦੇ ਹੱਕ 'ਚ ਹਮੇਸ਼ਾ ਆਵਾਜ਼ ਉਠਾਉਣਗੇ ਜੋ ਅਮਰੀਕਾ ਦੇ ਪਹੀਏ ਨੂੰ ਚਲਦਾ ਰੱਖਦੇ ਹਨ। ਉਨ੍ਹਾਂ ਨੇ ਕਿਹਾ ਕਿ ਸਿੱਖ ਡਰਾਇਵਰ ਅਮਰੀਕਾ ਦੇ ਟਰਾਂਸਪੋਰਟ ਸਿਸਟਮ ਦੀ ਰੀੜ੍ਹ ਦੀ ਹੱਡੀ ਹਨ, ਅਤੇ ਉਨ੍ਹਾਂ ਨਾਲ ਕਿਸੇ ਵੀ ਤਰ੍ਹਾਂ ਦੀ ਬੇਇਨਸਾਫ਼ੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

DENTISTRY
PROFESSIONAL CORPORATION
* Scaling, Polishing
* Bleaching
* Crown, Bridges
* Dentures
* Fillings
* Extractions
* Root Canals
* Gum Treatment
DENTISTRY
BRACES TREATMENT FOR KIDS & ADULTS
For Free Dental Care & Dentures
Under Insurance Coverage Accepted
Direct Billing to Insurance Company
Punjabi Speaking Dentist Available
Ph. 647-625-7205
Dr. Sandhu Charolais/Mavis Dental Centre
(In Shoppers Drug Mart Plaza)
510 Charolais Blvd.
Unit 4, Brampton, ON L6Y 0R5
Phone: 905 455 8585
Gore Ebenezer Dental Centre
4550 Ebenezer Road
Unit No. 2 & 3 Brampton, On L6P 2R2
Phone: 905-794-5667
ਆਪਣੇ ਦੰਦਾਂ ਦੀ ਸੰਭਾਲ ਅਤੇ ਹਰ ਤਰ੍ਹਾਂ ਦੇ ਇਲਾਜ ਲਈ ਤੁਹਾਡਾ ਆਪਣਾ ਫੈਮਿਲੀ ਡੈਂਟਲ ਸੈਂਟਰ
Monday to Friday: 11 am to 7 pm, Saturday: 10 am to 3 pm
(with appointment only)

LAW OFFICE OF AMAN SHARMA
LAW OFFICE AMAN SHARMA
REAL ESTATE
(Residential/Commercial)
* BUSINESS PURCHASE AND SALE
* COMMERCIAL LEASE
* 2ND MORTGAGE, RE FINANCE
* FRANCHISE BUSINESS PURCHASE & SALE.
* IMMIGRATION SERVICES
* NOTARIZATION, AFFIDAVITS, WILLS & POWER OF ATTORNEY
AMAN SHARMA
Barrister, Solicitor & Notary Public
Tel: 905-913-2355 Fax: 905-913-2344
Email: info@lawofficeamansharma.ca
25 Cherrycrest Drive, Unit # 6,
Brampton, Ontario, L6P 3W4

Loans Loans Loans
• Personal or Business Loan
• Home Equity Line of Credit
• Personal Line of Credit
• ਪੜ੍ਹਾਈ ਲਈ OSAP Loan
• Bad Credit ਠੀਕ ਕਰਾਉਣ
ਬਾਰੇ ਮੁਫ਼ਤ ਸਲਾਹ ਲਈ ਫ਼ੋਨ ਕਰੋ
Call SunnyB
905-965-4644